# ਸੋਨੇ ਦੇ ਮੋਰ ਦੀ ਠੱਗੀ।



ਇੱਕ ਵਾਰੀ, ਇੱਕ ਵਿਦੇਸ਼ੀ ਵਪਾਰੀ ਅਕਬਰ ਦੇ ਦਰਬਾਰ ਵਿੱਚ ਆਇਆ।
ਮੇਹਰਜ਼ਾਦ ਸ਼ਮਸ, ਸਾਡੇ ਲਈ ਕੀ ਖ਼ਾਸ ਖ਼ਬਰ ਲਿਆਏ ਹੋ?
ਮਹਾਰਾਜ, ਮੈਂ ਤੁਹਾਡੇ ਸਾਹਮਣੇ ਇਕ ਅਨੋਖਾ ਨਿਵੇਸ਼ ਮੌਕਾ ਪੇਸ਼ ਕਰਦਾ ਹਾਂ, ਸੋਨੇ ਦੇ ਮੋਰ ਬਾਂਡਸ।
ਇਸ ਵਿੱਚ ਖ਼ਾਸ ਕੀ ਹੈ?
ਇਸ ਬਾਂਡਸ ਦੇ ਹਰ ਹਿੱਸੇ ਤੋਂ ਦਸ ਗੁਣਾ ਫਾਇਦਾ ਮਿਲੇਗਾ। ਕਈ ਰਾਜ ਪਹਿਲਾਂ ਹੀ ਇਸ ਨੂੰ ਰਾਜਸੀ ਮੁਦਰਾ ਵਜੋਂ ਵਰਤ ਰਹੇ ਹਨ, ਖਾਸ ਕਰਕੇ ਵਿਦੇਸ਼ੀ ਵਪਾਰ ਵਿੱਚ।
ਦਸ ਗੁਣਾ! ਇਹ ਸੱਚਮੁੱਚ ਬਿਲਕੁਲ ਅਨੋਖਾ ਹੈ!
ਮਹਾਰਾਜ, ਤੁਹਾਡੇ ਵਿੱਤ ਮੰਤਰੀ ਹੋਣ ਦੇ ਨਾਤੇ, ਮੈਨੂੰ ਇਸਨੂੰ ਦੇਖਣ ਦਿਓ।
ਹੂੰਮ... ਇਹ ਤਾਂ ਅਸਲੀ ਲੱਗਦਾ ਹੈ।
ਤਾਂ ਫਿਰ ਮੈਂ ਇਸ ਦੇ 100 ਹਿੱਸੇ ਖਰੀਦਾਂਗਾ।
ਮੈਂ ਤੁਰੰਤ ਵਿਕਰੀ ਦਾ ਪ੍ਰਬੰਧ ਕਰਾਂਗਾ, ਮਹਾਰਾਜ਼।
ਅਚਾਨਕ-
ਮਾਫ਼ ਕਰਨਾ ਮਹਾਰਾਜ, ਸਮਰਕੰਦ ਤੋਂ ਤੁਹਾਡੇ ਲਈ ਇਕ ਤੁਰੰਤ ਸੁਨੇਹਾ ਆਇਆ ਹੈ।



ਇਹ ਸੁਲਤਾਨ ਰਜ਼ਾ ਵੱਲੋਂ ਹੈ... ਉਹ ਸੋਨੇ ਦੇ ਮੋਰ ਦੇ ਸੇਅਰਾਂ ਲਈ ਦੋਗੁਣਾ ਰਕਮ ਭੁਗਤਾਨ ਕਰਨ ਨੂੰ ਤਿਆਰ ਹੈ।
ਉਹ ਧੋਖੇਬਾਜ਼! ਹਰ ਗੱਲ ਵਿੱਚ ਮੇਰਾ ਮੁਕਾਬਲਾ ਕਰਦਾ ਹੈ!
ਜੇ ਰਜ਼ਾ ਨੇ ਸੌਦਾ ਕਰ ਲਿਆ, ਤਾਂ ਸਮਰਕੰਦ ਸਾਡੇ ਸਾਮਰਾਜ ਨਾਲੋਂ ਅਮੀਰ ਹੋ ਜਾਵੇਗਾ।
ਮੇਹਰਜ਼ਾਦ ਸ਼ਮਸ, ਤੁਹਾਨੂੰ ਉਸਦੀ ਪੇਸ਼ਕਸ਼ ਨੂੰ ਧਿਆਨ ਵਿੱਚ ਨਹੀ ਲੈਣਾ ਚਾਹੀਦਾ।
ਮੇਹਰਜ਼ਾਦ ਸ਼ਮਸ: ਮਹਾਰਾਜ, ਮੈਂ ਸਧਾਰਣ ਵਪਾਰੀ ਹਾਂ। ਮੈਨੂੰ ਨਫ਼ਾ ਚਾਹੀਦਾ ਹੈ, ਨੁਕਸਾਨ ਨਹੀਂ।
ਸਾਨੂੰ ਪੈਸਿਆਂ ਦਾ ਪ੍ਰਬੰਧ ਕਰਨ ਲਈ ਕੁਝ ਦਿਨ ਦਿਓ।
ਬਹੁਤ ਧੰਨਵਾਦ! ਮੈਂ ਜਲਦੀ ਆ ਕੇ ਸੌਦਾ ਪੱਕਾ ਕਰਾਂਗਾ।
ਉਸ ਸੁਨੇਹੇ ਦਾ ਸਮਾਂ ਕੁਝ ਅਜੀਬ ਜਿਹਾ ਲੱਗਦਾ ਹੈ।
ਤੁਰੰਤ ਸਾਡਾ ਸਭ ਤੋਂ ਤੇਜ਼ ਸਵਾਰ ਸਮਰਕੰਦ ਭੇਜੋ। ਮੈਨੂੰ ਇੱਕ ਗੱਲ ਦੀ ਤਸਦੀਕ ਕਰਨੀ ਹੈ।
ਜੀ, ਮਹਾਰਾਜ।
ਕੁਝ ਦਿਨਾਂ ਬਾਅਦ-
ਸੌਦੇ ਅਨੁਸਾਰ, ਇਹ ਰਹੇ ਸੋਨੇ ਮੋਰ ਦੇ 100 ਹਿੱਸੇ, ਮਹਾਰਾਜ।
ਅਤੇ ਇਹ ਹੈ ਮਨਜ਼ੂਰ ਕੀਤੀ ਰਕਮ।




*ਮੇਹਰਜ਼ਾਦ ਸ਼ਾਮਸ ਵਰਗੇ ਲੋਕ ਅਕਸਰ ਆਪਣੇ ਕੋਲ ਮੌਜੂਦ ਸ਼ੇਅਰ ਜਾਂ ਨਿਵੇਸ਼ ਬਾਰੇ ਝੂਠਾ ਪ੍ਰਚਾਰ ਕਰਦੇ ਹਨ। ਇਸ ਨਾਲ ਲੋਕਾਂ ਵਿੱਚ ਉਸ ਦੀ ਮੰਗ ਬਣਾਈ ਜਾਂਦੀ ਹੈ। ਜਿਵੇਂ ਹੀ ਦਿਲਚਸਪੀ ਵਧਣ ਨਾਲ ਕੀਮਤ ਚੜ੍ਹਦੀ ਹੈ, ਇਹ ਲੋਕ ਆਪਣੇ ਸ਼ੇਅਰ ਵੇਚ ਕੇ ਮੋਟਾ ਨਫ਼ਾ ਕਮਾ ਲੈਂਦੇ ਹਨ। ਇਹ ਤਰੀਕਾ ਗੈਰਕਾਨੂੰਨੀ ਹੈ ਅਤੇ ਇਸਨੂੰ 'ਪੰਪ ਐਂਡ ਡੰਪ' ਸਕੈਮ ਕਿਹਾ ਜਾਂਦਾ ਹੈ।*



# ਗਤੀਵਿਧੀ

ਬੀਰਬਲ ਨੇ ਮੇਹਰਜ਼ਾਦ ਸ਼ਾਮਸ ਵਰਗੇ ਠੱਗਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਸ਼ਹਿਰ ਦੇ ਨਗਾਰਚੀ ਨੂੰ ਨਿਯੁਕਤ ਕੀਤਾ ਹੈ। ਪਰ ਜਲਦਬਾਜ਼ੀ ਵਿੱਚ ਮੁੰਡੇ ਨੇ ਸੋਨੇ ਦੀ ਮੋਰ ਧੋਖਾਧੜੀ ਨੂੰ ਸਮਝਾਉਂਦੀਆਂ ਤਸਵੀਰਾਂ ਦੀ ਲੜੀ ਗੜਬੜ ਕਰ ਦਿੱਤੀ ਹੈ। ਕੀ ਤੁਸੀਂ ਇਹਨਾਂ ਨੂੰ ਸਹੀ ਕ੍ਰਮ ਵਿੱਚ ਲਗਾ ਸਕਦੇ ਹੋ?




ਉੱਤਰ: ਸਹੀ ਕ੍ਰਮ ਹੈ 4, 5, 1, 3, 2.